

ਉਨਟੈਰੀਓ ਲਿਬਰਲਸ ਦੇ ਕੋਲ਼ ਪਬਲਿਕ ਐਜੁਕੇਸ਼ਨ ਨੂੰ ਬਹੁਤ ਹੀ ਉੱਤਮ ਵਿੱਦਿਆ ਬਨਾਉਣ ਲਈ ਇੱਕ ਨਿਵੇਕਲੀ ਯੋਜਨਾ ਹੈ. 'ਪਬਲਿਕ ਐਜੁਕੇਸ਼ਨ' ਸਾਡੇ ਸਾਰਿਆਂ ਬੱਚਿਆਂ ਲਈ ਇੱਕ ਸੰਭਾਵਨਾਵਾਂ ਭਰਪੂਰ ਅਤੇ ਮਹੱਤਵ ਪੂਰਨ ਪੌੜੀ ਹੈ. ਇਸ ਗਲੋਬਲ ਆਰਥਿਕਤਾ ਵਿੱਚ 'ਪਬਲਿਕ ਐਜੁਕੇਸ਼ਨ' ਦੀ ਮਹੱਤਤਾ ਸਾਡੇ ਬੱਚਿਆਂ ਲਈ ਕੋਈ ਇੱਕ ਇੱਛਾ ਦੀ ਚੋਣ ਨਹੀਂ ਸਗੋਂ ਉਨ੍ਹਾਂ ਦੀ ਜ਼ਰੂਰੀ ਲੋੜ ਹੈ.

## ਵਿੱਦਿਆ

### ਸਾਰਿਆਂ ਲਈ ਬਹੁਤ ਹੀ ਕਮਾਲ ਦੀ

- ਮੁਗ਼ਲੇ ਗਰੇਡਾਂ ਵਿੱਚ ਕਲਾਸ ਵਿਚ ਵੱਧ ਤੋਂ ਵੱਧ 20 ਬੱਚੇ - ਪਹਿਲੀ ਬਾਰੀ ਅੰਗਰੇਜ਼ੀ ਸਿਖਣ ਵਾਲੇ ਬੱਚਿਆਂ ਲਈ ਵਿਸ਼ੇਸ਼ ਕਰਕੇ ਮਹੱਤਵ ਪੂਰਨ.
- ਸਮਰਥਾ ਅੰਦਰ ਬੱਚਿਆਂ ਦੀ ਮਿਆਰੀ ਦੇਖ ਭਾਲ
- ਈ ਐਸ ਐਲ ਵਾਸਤੇ ਮਦਦ, ਜਿਨ੍ਹਾਂ ਬੱਚਿਆਂ ਨੂੰ ਲੋੜ ਹੋਵੇ ਤੇ ਜਦੋਂ ਵੀ ਲੋੜ ਹੋਵੇ
- 18 ਸਾਲ ਦੀ ਉਮਰ ਤੱਕ ਜ਼ਰੂਰੀ ਸਿਖਿਆਂ
- ਸਤਿਕਾਰ, ਸਵੈ-ਸ਼ਾਸ਼ਨ ਅਤੇ ਸਹਿਣ-ਸ਼ਕਤੀ ਸਿਖਾਉਣ ਲਈ ਚਰਿੱਤਰ ਉਸਾਰੀ ਦੀ ਵਿੱਦਿਆ
- 500 ਮਿਲੀਅਨ ਡਾਲਰ ਦਾ ਪਰਾਈਵੇਟ ਸਕੂਲ ਟੈਕਸ-ਕਰੈਡਿਟ ਦਾ ਖਤਮਾ

Liberal ONTARIO



ਉਨਟੈਰੀਓ ਲਿਬਰਲਸ ਕੋਲ਼ ਆਪਣੇ ਸਾਫ ਸੁਥਰੇ ਅਤੇ ਸੁਰੱਖਿਅਤ ਭਾਈਚਾਰਿਆਂ ਲਈ ਇੱਕ ਉੱਤਮ ਯੋਜਨਾ ਹੈ. ਅਸੀਂ ਉਨਟੈਰੀਓ ਦੇ ਹਵਾ-ਪਾਣੀਆਂ ਨੂੰ ਪਵਿੱਤਰ ਬਣਾਵਾਂਗੇ. ਅਸੀਂ ਉਨਟੈਰੀਓ ਦੇ ਬਹੁ-ਸੱਭਿਆਚਾਰਕ ਭਾਈਚਾਰਿਆਂ ਦੇ ਵਿਰਸੇ ਦਾ ਸਤਿਕਾਰ ਕਰਾਂਗੇ. ਅਸੀਂ ਅਪਰਾਧਾਂ ਦੀ ਕਮਰ ਤੋੜ ਕੇ ਆਪਣੇ ਗਲੀ ਮੁਹੱਲਿਆਂ ਨੂੰ ਸੁਰੱਖਿਅਤ ਬਣਾਵਾਂਗੇ.

## ਸ਼ਕਤੀਸ਼ਾਲੀ ਭਾਈਚਾਰੇ

### ਸਾਫ-ਸੁਥਰੇ, ਸੁਰੱਖਿਅਤ ਭਾਈਚਾਰੇ

- ਉਨਟੈਰੀਓ ਵਿਚ ਨਵੇਂ ਆਏ ਲੋਕਾਂ ਦੇ ਵਸੇਬੇ ਲਈ ਚੰਗੇਰੀਆਂ ਸੇਵਾਵਾਂ
- ਹਵਾ ਪਵਿੱਤਰ ਕਰਨਾ ਕੋਲਾ-ਫੂਕਣੇ ਬਿਜਲੀ ਘਰ ਬਦਲਨੇ
- ਸੱਲ੍ਹਧ ਤੇ ਸੁਰੱਖਿਅਤ ਪੀਣ ਦਾ ਪਾਣੀ - ਵਾਕਰਟਨ ਦੁਰਘਟਨਾ ਦੋਬਾਰਾ ਨਾਂ ਵਾਪਰੇ
- ਕਿਰਾਏਦਾਰਾਂ ਦੀ, ਲੱਕ-ਤੋੜ ਕਰਾਏ ਵਾਧੇ ਤੋਂ ਸੁਰੱਖਿਆ
- ਅਪਰਾਧ ਰੋਕਣ ਲਈ 1,000 ਨਵੇਂ ਪੁਲੀਸ ਅਫਸਰ ਸੜਕਾਂ ਤੇ
- ਪ੍ਰਾਂਤ ਵਿੱਚ ਘਿਰਨਾਂ-ਅਪਰਾਧ ਰੋਕੂ ਯੂਨਿਟਾਂ ਦੀ ਗਿਣਤੀ ਵਿੱਚ ਵਾਧਾ

Liberal ONTARIO



ਆਪਣਾ ਕਾਰੋਬਾਰ ਚਲਾਉਣ ਅਤੇ ਪਰਿਵਾਰ ਦੇ ਪਾਲਣ ਪੋਸਣ ਲਈ ਉਨਟੈਰੀਓ ਇੱਕ ਸਰਬੋਤਮ ਸਥਾਨ ਬਣ ਸਕਦਾ ਹੈ ਅਤੇ ਬਣਨਾ ਵੀ ਚਾਹੀਦਾ ਹੈ. ਆਰਥਿਕ ਉਸਾਰੀ ਲਈ ਬਣਾਈ ਗਈ 'ਉਨਟੈਰੀਓ ਲਿਬਰਲ ਯੋਜਨਾ' ਬੱਜਟ ਨੂੰ ਸਮਤੋਲ ਬਣਾਏਗੀ, ਟੈਕਸਾਂ ਨੂੰ ਘੱਟ ਰੱਖੇਗੀ, ਹੋਰ ਅਤੇ ਚੰਗੇਰੀਆਂ ਨੌਕਰੀਆਂ ਪੈਦਾ ਕਰੇਗੀ, ਅਤੇ ਸਾਡੇ ਜੀਵਨ ਪੱਧਰ ਨੂੰ ਉੱਚਾ ਚੁੱਕੇਗੀ.

## ਆਰਥਿਕਤਾ

### ਸੰਭਾਵਨਾਵਾਂ ਦੀਆਂ ਸਿਖਰਾਂ ਛੋਹਣੀਆਂ

- ਮਾਹਰਾਂ ਨੂੰ ਕੰਮਾਂ ਤੇ ਲੌਣਾਂ
- ਵਿਦੇਸ਼ੀ-ਸਿੱਖਅਤ ਮਾਹਰਾਂ ਨੂੰ ਆਪਣੇ ਕਿੱਤਿਆਂ ਵਿਚ ਪਰਵੇਸ਼ੀ ਲਈ ਤੇਜੀ
- ਪੂੰਜੀ ਲਾਉਣ ਖਾਤਰ ਮੋਹਤ ਕਰਨ ਲਈ ਉਨਟੈਰੀਓ ਦੇ ਵਖਰੇ ਖੇਤਰਾਂ ਵਿਚ ਅਨੇਕਤਾ
- ਪਹੁੰਚ ਅਨੁਸਾਰ ਅਤੇ ਭਰੋਸੇਯੋਗ ਬਿਜਲੀ ਲਈ ਮੌਡਰਨ ਪਬਲਿਕ ਹਾਈਡਰੋ ਸਿਸਟਮ ਉਸਾਰਾਨਾ
- ਟੈਕਸ ਕੰਟਰੌਲ ਦੀ ਰੇਖਾ ਖਿੱਚਣੀ ਅਤੇ ਬੱਜਟ ਸੰਤੁਲਤ ਕਰਨਾ
- ਟਿਊਸ਼ਨ ਫੀਸਾਂ ਜਾਮ ਕਰਨੀਆਂ ਅਤੇ 50,000 ਕਾਲਜ ਅਤੇ ਯੂਨੀਵਰਸਿਟੀ ਸੀਟਾਂ ਵਧਾਉਣੀਆਂ
- ਸ਼ਾਗਿਰਦੀ ਦੀ ਗਿਣਤੀ ਦੁੱਗਣੀ ਕਰਨੀ
- ਈਵਜ਼ ਦੀਆਂ $3.2 ਬਿਲੀਅਨ ਕਾਰਪੋਰੇਟ ਟੈਕਸ ਬਖ਼ਸ਼ਿਸਾਂ ਖਤਮ ਕਰਨੀਆਂ

Liberal ONTARIO

# ਉਨਟੈਰੀਓ ਦੇ ਲਿਬਰਲਸ ਦੀ ਤਬਦੀਲੀ ਲਿਆਉਣ ਲਈ ਯੋਜਨਾ

ਜਿਆਦਾ ਜਾਣਕਾਰੀ ਲਈ ਵੈਬਸਾਈਟ ਤੇ ਜਾਓ:
www.choosechange.ca

Liberal ONTARIO

ਉਨਟੈਰਿਓ ਲਿਬਰਲ ਪਾਰਟੀ ਵਲੋਂ ਅਧਿਕਾਰ ਦਿਤੇ ਗਏ



ਉਨਟੈਰੀਓ ਦੇ ਲਿਬਰਲਸ ਦਾ ਵਿਸ਼ਵਾਸ ਹੈ ਕਿ ਪਬਲਿਕ ਹੈਲਥ ਕੇਅਰ ਹੀ ਸਰਬੋਤਮ ਹੈਲਥ ਕੇਅਰ ਹੈ. ਅਸਾਡੀ 'ਪਲੈਨ ਫਾਰ ਬੈਟਰ ਹੈਲਥ ਕੇਅਰ' ਯਕੀਨਨ ਹੀ ਤੁਹਾਡੀਆਂ, ਸਿਹਤ ਦੀ ਦੇਖ ਭਾਲ ਸਭੰਧੀ ਲੋੜਾਂ ਨੂੰ, ਜਦੋਂ ਵੀ ਤੁਹਾਨੂੰ ਜਰੂਰਤ ਹੋਵੇ, ਪੂਰਾ ਕਰੇਗੀ. ਅਸੀਂ ਉਨਟੈਰੀਓ ਦੀ ਮੈਡੀਕੇਅਰ ਨੂੰ ਤਕੜਾ ਅਤੇ ਮੌਡਰਨ ਬਣਾਵਾਂਗੇ, ਨਾ ਕਿ ਪਰਾਈਵੇਟ ਕਰਾਂਗੇ.

## ਹੈਲਥ ਕੇਅਰ

### ਜਿਸ ਤਰਾਂ ਦੀ ਹੈਲਥ ਕੇਅਰ ਦੀ ਸਾਨੂੰ ਲੋੜ ਹੈ

- ਅਰਨੀ ਈਵਜ਼ ਦੀ ਅਮਰੀਕਾ ਸਟਾਈਲ, ਸਿਹਤ ਸਭੰਧੀ ਲੋੜਾਂ ਨੂੰ ਆਪਣੇ ਖਰਚੇ ਤੇ ਪੂਰਾ ਕਰਨ ਵਾਲੀ, ਚਾਲ ਦਾ ਖਾਤਮਾ
- ਵਧੇਰੇ ਡਾਕਟਰ, ਚੰਗੇਰੀ ਫੈਮਿਲੀ ਹੈਲਥ ਕੇਅਰ
- ਵਿਦੇਸ਼ੀ ਸਿੱਖਿਅਤ ਡਾਕਟਰਾਂ ਤੀਕਰ ਪਹੁੰਚ
- ਹਸਪਤਾਲ ਦਾ ਉਡੀਕ-ਸਮਾਂ ਥੋੜ੍ਹਾ
- 8,000 ਹੋਰ ਨਰਸਾਂ
- ਟੋਰੀ ਨਰਸਿੰਗ ਹੋਮ ਫੀਸਾਂ ਦੇ ਵਾਧੇ ਦੀ ਵਾਪਸੀ

Liberal
ONTARIO



ਉਨਟੈਰੀਓ ਲਿਬਰਲਸ ਕੋਲ਼ ਸਰਕਾਰ ਵਿੱਚ ਸੁਧਾਰ ਕਰਨ ਅਤੇ ਸਾਡੀਆਂ ਲੋਕ ਤੰਤਰੀ ਸੰਸਥਾਵਾਂ ਵਿੱਚ ਮੁੜ ਵਿਸ਼ਵਾਸ ਪੈਦਾ ਕਰਨ ਲਈ ਇੱਕ ਯੋਜਨਾ ਹੈ. ਅਸੀਂ ਆਪਣੇ ਸਾਰੇ ਨਾਗਰਿਕਾਂ ਨੂੰ ਰਾਜਨੀਤਕ ਕਾਰਵਾਈ ਨਾਲ਼ ਜੋੜਾਂਗੇ ਅਤੇ ਉਨ੍ਹਾਂ ਦੀ ਪੂਰੀ, ਈਮਾਨਦਾਰੀ ਨਾਲ਼ ਅਤੇ ਸਪਸ਼ਟ ਤੇ ਖੁੱਲ੍ਹੇ ਤੌਰ ਤੇ ਪਾਰਲੀਮੈਂਸ਼ਟ ਵਿੱਚ ਪ੍ਰਤੀਨਿਧਤਾ ਕਰਾਂਗੇ. ਅਸੀਂ ਉਨਟੈਰੀਓ ਨਿਵਾਸੀਆਂ ਦੇ ਹਿਤਾਂ ਲਈ ਕੰਮ ਕਰਾਂਗੇ.

## ਸਰਕਾਰ

### ਸਰਕਾਰ ਜੋ ਤੁਹਾਡੇ ਲਈ ਕੰਮ ਕਰੇ

- ਸਵੈ-ਵਡਿਆਈ ਵਾਲੇ ਸਰਕਾਰੀ ਇਸ਼ਤਿਹਾਰਾਂ ਉੱਤੇ ਪੂਰਨ ਰੋਕ
- ਹਰ ਚਾਰ ਸਾਲ ਪਿੱਛੋਂ ਹੋਣ ਵਾਲੀਆਂ ਨਿਸ਼ਚਤ ਚੋਣ ਮਿਤੀਆਂ
- ਰਾਜਨੀਤੀ ਲਈ ਉਗਰਾਹੇ ਅਤੇ ਖਰਚੇ ਗਏ ਧਨ ਦੀਆਂ ਸਖਤ ਹੱਦਾਂ
- ਤੁਹਾਡੇ ਐਮ ਪੀ ਪੀ ਨੂੰ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਆਜ਼ਾਦ ਵੋਟ ਪਾਉਣ ਦਾ ਅਧਿਕਾਰ
- ਉਨਟੈਰੀਓ ਦੇ ਵਖਰੇ ਵਖਰੇ ਭਾਈਚਾਰਿਆਂ ਦੀ ਆਬਾਦੀ ਲਈ ਸਹਾਇਤਾ ਅਤੇ ਸਤਿਕਾਰ
- ਖਰਾਬੇ ਨੂੰ ਖਤਮ ਕਰਨ ਲਈ, ਪਰੌਵਿੰਸ਼ਲ ਔਡੀਟਰ ਨੂੰ ਵੱਧ ਸਕਤੀਆਂ

Liberal
ONTARIO

## ਸਮਰੱਥਾ ਅੰਦਰ ਅਤੇ ਭਰੋਸੇਯੋਗ

"ਮੈਂ ਤੁਹਾਡਿਆਂ ਸੁਝਾਵਾਂ ਨੂੰ 70 ਘੰਟੇ ਖਰਚ ਕੇ ਸਤਰ-ਦਰ-ਸਤਰ ਸੋਚਿਆ-ਵਿਚਾਰਿਆ ਹੈ. ਮੈਂ ਤੁਹਾਡੇ ਖਰਚ-ਅੰਦਾਜ਼ਿਆਂ ਦੇ ਸਹੀ ਹੋਣ ਦੀ ਤਸਦੀਕ ਕਰਦਾ ਹਾਂ ਅਤੇ ਇਸ ਵਿੱਚ ਕੋਈ ਵੀ ਮੁੱਦਾ ਜਾਂ ਸਮੱਸਿਆ ਅਛੋਹ ਨਹੀਂ ਹੈ."

**Jack Marmer,** C.A., C.G.A., C.F.E.
ਫਾਰੈਨਸਿਕ ਅਕਾਊਂਟੈਂਟ

"ਸਾਰੇ ਪਰੋਗਰਾਮਾਂ ਦਾ ਵਿਸਥਾਰ ਘੋਖਣ ਪਿੱਛੋਂ ਮੈਨੂੰ ਯਕੀਨ ਹੈ ਕਿ ਸਾਡੇ ਪਰੌਵਿੰਸ ਲਈ ਇਹ ਇੱਕ ਸੰਪੂਰਨ ਕੀਤੀ ਜਾ ਸਕਣ ਵਾਲੀ ਯੋਜਨਾ ਹੈ."

**Warren Jestin,** Ph.D.
ਚੀਫ ਇਕੌਨੋਮਿਸਟ, ਸਕੌਸ਼ੀਆਬੈਂਕ

"ਮੇਰੀ ਪੇਸ਼ਾਵਰਾਨਾ ਸਲਾਹ ਅਨੁਸਾਰ, ਤੁਹਾਡੀ ਇਹ ਆਰਥਿਕ ਯੋਜਨਾ ਘੱਟੋ ਘੱਟ ਇੱਕ ਸੰਤੁਲਤ ਬੱਜਟ ਬਣਾਉਂਦੀ ਹੈ ਅਤੇ ਇਸ ਨਾਲ਼ ਹਰ ਸਾਲ ਕੁੱਝ ਬੱਚਤ ਵੀ ਹੋ ਸਕਦੀ ਹੈ."

**David Hall,** M.A.
ਪ੍ਰਿੰਸੀਪਲ, ਵਿਸਟਾ ਇਕਨੌਮਿਕਸ

## ਉਨਟੈਰੀਓ ਦੇ ਲਿਬਰਲਸ ਦੀ ਤਬਦੀਲੀ ਲਿਆਉਣ ਲਈ ਯੋਜਨਾ

ਮੇਰੀ ਪਾਰਟੀ ਨੇ ਪਿਛਲੇ ਸਾਲ ਦੇ ਦੁਰਾਨ,ਇਕ ਅਗ੍ਹਾਂਹ-ਵਧੂ ਅਤੇ ਸੋਚ ਭਰਪੂਰ ਕਾਰਜ-ਸੂਚੀ ਤਿਆਰ ਕੀਤੀ ਹੈ ਜੋ ਉਨਟੈਰੀਓ ਦੀ ਅਜਿਹੀ ਉਸਾਰੀ ਕਰੇਗੀ ਜੋ ਤੁਸੀਂ ਚਾਹੁੰਦੇ ਹੋ ਤੇ ਜਿਸ ਦੇ ਹਕਦਾਰ ਵੀ ਹੋ. ਲਿਬਰਲ ਸਰਕਾਰ ਅਧੀਨ, ਉਨਟੈਰੀਓ, ਹਰ ਇਕ ਵਿਅਕਤੀ ਦੀ ਉਨੱਤੀ ਲਈ ਮੌਕਿਆਂ ਭਰਪੂਰ ਸਥਾਨ ਹੋਵੇਗਾ.

ਸਾਡੀ ਇਹ ਯੋਜਨਾ ਜ਼ੁੰਮੇਵਾਰੀ ਵਾਲ਼ੀ, ਇੱਕ ਸਾਰ ਤਰੱਕੀ ਕਰਨ ਵਾਲ਼ੀ ਅਤੇ ਸਮਰੱਥਾ ਦੀ ਸੀਮਾਂ ਦੇ ਅੰਦਰ ਰਹਿਣ ਵਾਲ਼ੀ ਹੈ. ਹਰ ਇੱਕ ਬਚਨਬੱਧਤਾ ਨੂੰ ਨਿਰਪੱਖ ਮਾਹਰਾਂ ਵੱਲੋਂ ਅੰਕਿਆ, ਨਿਰਖਿਆ-ਪਰਖਿਆ ਅਤੇ ਪੂਰਿਆਂ ਕਰਨ ਯੋਗ ਪਾਇਆ ਗਿਆ ਹੈ.

ਸਾਡੀ ਯੋਜਨਾ ਨੂੰ ਪੜ੍ਹੋ ਅਤੇ ਆਪਣੇ ਆਪ ਨੂੰ ਪੁੱਛੋ ਕਿ, ਕੀ ਹੁਣ ਬਦਲਾਓ ਦਾ ਸਮਾਂ ਨਹੀਂ ਆ ਗਿਆ ਹੈ? ਇੱਕ ਐਸੀ ਸਰਕਾਰ ਚੁਣੋਂ ਜੋ ਪਹਿਲਾਂ ਨਾਲੋਂ ਅਲੱਗ, ਤੁਹਾਡੇ ਹਿਤਾਂ ਲਈ ਕੰਮ ਕਰੇ.

**Dalton McGuinty** (ਦਸਤਖਤ)
ਉਨਟੈਰਿਓ ਲਿਬਰਲ ਪਾਰਟੀ ਦੇ ਲੀਡਰ

## ਉਨਟੈਰੀਓ ਦੇ ਲਿਬਰਲਸ ਦੀ ਤਬਦੀਲੀ ਲਿਆਉਣ ਲਈ ਯੋਜਨਾ



Liberal
ONTARIO